# ਆਕਾਸ਼ਵਾਣੀ ਜਲੰਧਰ

## ਪ੍ਰਦੇਸ਼ਿਕ ਖਬਰਾਂ ਪੰਜਾਬੀ

**13:10**

**ਮਿਤੀ : 26-03-2026**

ਦੇਸ਼ ਵਿੱਚ ਸਵਦੇਸ਼ੀ ਰੇਲ ਨਿਰਮਾਣ ਨੂੰ ਰਫ਼ਤਾਰ ਦਿੰਦੇ ਹੋਏ ਰੇਲ ਕੋਚ ਫੈਕਟਰੀ, ਕਪੂਰਥਲਾ ਨੇ ਆਪਣੀ ਪਹਿਲੀ ਵੰਦੇ ਭਾਰਤ ਐਕਸਪ੍ਰੈਸ ਟ੍ਰੇਨ ਦਾ ਨਿਰਮਾਣ ਕੀਤਾ ਏ। 16 ਡੱਬਿਆਂ ਵਾਲੀ ਇਹ ਟ੍ਰੇਨ ਨਿਰਮਾਣ ਦੇ ਆਖ਼ਰੀ ਪੜਾਅ ਵਿੱਚ ਏ ਅਤੇ ਇਸੇ ਮਹੀਨੇ ਦੇ ਅਖੀਰ ਤੱਕ ਸੰਚਾਲਨ ਲਈ ਸੌਂਪੇ ਜਾਣ ਨੂੰ ਤਿਆਰ ਏ। ਡਿਪਟੀ ਜਨਰਲ ਮੈਨੇਜਰ ਅਮਨ ਕੁਮਾਰ ਨੇ ਸਾਡੇ ਪੱਤਰਕਾਰ ਨਾਲ ਗੱਲਬਾਤ ਦੌਰਾਨ ਦੱਸਿਆ ਕਿ ਵੰਦੇ ਭਾਰਤ ਡੱਬਿਆਂ ਦੇ ਨਵੇਂ ਅਡੀਸ਼ਨ ਵਿਚ ਤਕਨੀਕੀ ਸੁਧਾਰ ਕੀਤੇ ਗਏ ਨੇ। **ਉਨ੍ਹਾਂ ਕਿਹਾ... ਬਾਈਟ...**

ਇਹ ਪਹਿਲੀ ਵਾਰ ਏ ਕਿ ਵੰਦੇ ਭਾਰਤ ਟ੍ਰੇਨ ਦਾ ਨਿਰਮਾਣ ਆਰ.ਸੀ.ਐੱਫ਼. ਕਪੂਰਥਲਾ ਵਿੱਚ ਕੀਤਾ ਗਿਆ ਏ। ਇਸ ਦਾ ਡਿਜ਼ਾਈਨ ਤੇ ਨਿਰਮਾਣ ਇੰਟੀਗ੍ਰਲ ਕੋਚ ਫੈਕਟਰੀ ਚੇਨਈ ਵਿੱਚ ਕੀਤਾ ਗਿਆ ਸੀ।

---

ਅੱਜ ਦੇਸ਼ ਭਰ ਵਿੱਚ ਰਾਮ ਨੌਮੀ ਮਨਾਈ ਜਾ ਰਹੀ ਏ, ਜੋ ਕਿ ਮਰਿਆਦਾ ਪੁਰਸ਼ੋਤਮ ਭਗਵਾਨ ਸ਼੍ਰੀ ਰਾਮ ਜੀ ਦੇ ਜਨਮ ਦਾ ਦਿਨ ਏ। ਇਹ ਤਿਉਹਾਰ ਲੋਕਾਂ ਨੂੰ ਭਗਵਾਨ ਰਾਮ ਜੀ ਦੇ ਜੀਵਨ ਵਿੱਚ ਦਰਸਾਏ ਗਏ ਸੱਚ, ਨਿਆਂ, ਫਰਜ਼ ਦੇ ਆਦਰਸ਼ਾਂ ਦੀ ਪਾਲਣਾ ਕਰਨ ਲਈ ਪ੍ਰੇਰਿਤ ਕਰਦਾ ਏ। ਇੱਕ ਸੰਦੇਸ਼ ਵਿੱਚ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਕਿਹਾ ਕਿ ਭਗਵਾਨ ਰਾਮ ਜੀ ਦੀ ਜੀਵਨ ਯਾਤਰਾ, ਅਰਥਪੂਰਨ ਜੀਵਨ ਲਈ ਸੱਚ ਅਤੇ ਨਿਆਂ ਦੇ ਮਾਰਗ 'ਤੇ ਚੱਲਣ ਲਈ ਸਾਡਾ ਮਾਰਗਦਰਸ਼ਨ ਕਰਦੀ ਏ । ਉਪ ਰਾਸ਼ਟਰਪਤੀ ਸੀ.ਪੀ. ਰਾਧਾਕ੍ਰਿਸ਼ਨਨ ਨੇ ਭਗਵਾਨ ਰਾਮ ਜੀ ਨੂੰ ਧੀਰਜ, ਤਿਆਗ ਅਤੇ ਨਿਆਂ ਪ੍ਰਤੀ ਸਮਰਪਣ ਦਾ ਪ੍ਰਤੀਕ ਦੱਸਿਆ ਏ। ਇਕ ਸੋਸ਼ਲ ਮੀਡੀਆ ਪੋਸਟ ਵਿਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਏ ਕਿ ਤਿਆਗ, ਤਪੱਸਿਆ ਅਤੇ ਸੰਜਮ ਨਾਲ ਭਰਪੂਰ ਮਰਿਆਦਾ ਪੁਰਸ਼ੋਤਮ ਭਗਵਾਨ ਰਾਮ ਜੀ ਦਾ ਜੀਵਨ ਹਰ ਹਾਲਾਤ ਦਾ ਪੂਰੀ ਤਾਕਤ ਨਾਲ ਸਾਹਮਣਾ ਕਰਨ ਲਈ ਪ੍ਰੇਰਿਤ ਕਰਦਾ ਏ।

---

ਲੁਧਿਆਣਾ ਜ਼ਿਲ੍ਹਾ ਪ੍ਰਸ਼ਾਸਨ ਨੇ ਕੱਲ੍ਹ “ਮੇਰੀ ਯੋਗਤਾ ਮੇਰੀ ਪਹਿਚਾਣ” ਮੁਹਿੰਮ ਤਹਿਤ ਪਿੰਡ ਮਾਣਕਵਾਲ

ਵਿੱਚ 11 ਅਜਿਹੀਆਂ ਮਹਿਲਾਵਾਂ ਦੇ ਘਰਾਂ ਦੇ ਬਾਹਰ ਉਨ੍ਹਾਂ ਦੇ ਨਾਮ ਤੇ ਉੱਚ ਯੋਗਤਾ ਵਾਲੀਆਂ ਨੇਮ ਪਲੇਟਾਂ ਲਗਾਈਆਂ, ਜਿਨ੍ਹਾਂ ਨੇ ਸਿੱਖਿਆ ਦੇ ਖੇਤਰ ਵਿਚ ਉੱਚ ਯੋਗਤਾ ਪ੍ਰਾਪਤ ਕੀਤੀ ਏ। ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ ਨੇ ਕਿਹਾ ਕਿ ਅਨੇਕਾਂ ਚੁਣੌਤੀਆਂ ਦੇ ਬਾਵਜੂਦ, ਜਦੋਂ ਕੁੜੀਆਂ ਉੱਚ ਡਿਗਰੀਆਂ ਹਾਸਲ ਕਰ ਲੈਂਦੀਆਂ ਹਨ ਤਾਂ ਉਨ੍ਹਾਂ ਨੂੰ ਯੋਗ ਸਨਮਾਨ ਦੇਣਾ ਸਮਾਜ ਦਾ ਫਰਜ਼ ਬਣਦਾ ਏ। ਉਨ੍ਹਾਂ ਕਿਹਾ ਕਿ ਕੋਈ ਵੀ ਧੀ ਜਾਂ ਭੈਣ, ਜਿਨ੍ਹਾਂ ਨੇ ਆਪਣੇ ਘਰ ਦੇ ਬਾਹਰ ਆਪਣੇ ਨਾਮ ਤੇ ਯੋਗਤਾਵਾਂ ਵਾਲੀ ਨੇਮ ਪਲੇਟ ਲਗਵਾਉਣੀ ਏ ਤਾਂ ਉਹ ਜ਼ਿਲ੍ਹਾ ਪ੍ਰਸ਼ਾਸਨ ਨਾਲ ਸੰਪਰਕ ਕਰਨ। ਪ੍ਰਸ਼ਾਸਨ ਵੱਲੋਂ ਨੇਮ ਪਲੇਟ ਤਿਆਰ ਕਰਵਾ ਕੇ ਮੁਫ਼ਤ ਲਗਾਈ ਜਾਵੇਗੀ।

-----------------------------------------------------------------

ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਅੱਜ ਕੋਟਕਪੂਰਾ ਵਿਚ ਲੋਕ-ਮਿਲਣੀ ਕੀਤੀ ਤੇ ਜਨਤਕ ਮੁਸ਼ਕਿਲਾਂ ਸੁਣੀਆਂ। ਇਸ ਮੌਕੇ ਸਪੀਕਰ ਸੰਧਵਾਂ ਨੇ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਜਨਤਕ ਸ਼ਿਕਾਇਤਾਂ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਤੈਅਸ਼ੁਦਾ ਸਮੇਂ ਵਿਚ ਮਸਲਿਆਂ ਦਾ ਨਿਬੇੜਾ ਕਰਨ । ਉਨ੍ਹਾਂ ਆਗਾਹ

ਕੀਤਾ ਕਿ ਕਿਸੇ ਵੀ ਕਿਸਮ ਦੀ ਲਾਪਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

---------------------------------------------------------------

ਜ਼ਿਲ੍ਹਾ ਬਾਲ ਭਿੱਖਿਆ ਰੋਕੂ ਟਾਸਕ ਫੋਰਸ ਜਲੰਧਰ ਨੇ ਕਪੂਰਥਲਾ ਚੌਕ ਵਿਚ ਛਾਪੇਮਾਰੀ ਕਰ ਕੇ ਭੀਖ ਮੰਗਦੀ ਇਕ ਬੱਚੀ ਦਾ ਬਚਾਅ ਕੀਤਾ ਏ। ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਮਨਜਿੰਦਰ ਸਿੰਘ ਨੇ ਦੱਸਿਆ ਕਿ ਛਾਪੇਮਾਰੀ ਦੌਰਾਨ ਛੁਡਵਾਈ ਗਈ ਬੱਚੀ ਸਬੰਧੀ ਡਵੀਜ਼ਨ ਨੰ. 2 ਵਿਚ ਡੀ.ਡੀ.ਆਰ ਕਰਵਾ ਕੇ ਇਸ ਨੂੰ ਬਾਲ ਭਲਾਈ ਕਮੇਟੀ, ਜਲੰਧਰ ਵਿਚ ਪੇਸ਼ ਕੀਤਾ ਗਿਆ। ਬਾਲ ਭਲਾਈ ਕਮੇਟੀ ਨੇ ਬੱਚੀ ਨੂੰ ਚਿਲਡਰਨ ਹੋਮ ਫਾਰ ਗਰਲਜ਼, ਜਲੰਧਰ ਵਿਚ ਪਨਾਹ ਦਿੱਤੀ ਗਈ। ਹੁਣ ਇਸ ਬਾਲੜੀ ਦੇ ਮੁੜ ਵਸੇਬੇ ਤੇ ਪੜ੍ਹਾਈ ਲਈ ਯਤਨ ਕੀਤੇ ਜਾਣਗੇ।

---------------------------------------------------------------

ਪਟਿਆਲਾ ਫਾਊਂਡੇਸ਼ਨ ਨੇ ਸਰਕਾਰੀ ਸਟੇਟ ਕਾਲਜ ਆਫ ਐਜੂਕੇਸ਼ਨ ਪਟਿਆਲਾ ਵਿਚ ਪਾਣੀ ਬਚਾਓ-ਸੋਚੋ, ਕੰਮ ਕਰੋ, ਸੰਭਾਲੋ ਸਿਰਲੇਖ ਤਹਿਤ ਵਰਕਸ਼ਾਪ ਲਗਾਈ ਗਈ। ਇਹ ਪਹਿਲਕਦਮੀ ਪੰਜਾਬ ਰਾਜ ਵਿਗਿਆਨ ਤੇ ਤਕਨਾਲੋਜੀ ਕੌਂਸਲ ਦੇ ਸਹਿਯੋਗ ਨਾਲ, ਕੇਂਦਰੀ

ਵਾਤਾਵਰਣ, ਜੰਗਲਾਤ ਤੇ ਜਲਵਾਯੂ ਤਬਦੀਲੀ ਮੰਤਰਾਲੇ ਦੇ ਸਹਿਯੋਗ ਨਾਲ ਕੀਤੀ ਗਈ ਸੀ। ਪ੍ਰੋਜੈਕਟ ਪ੍ਰਿਥਵੀ ਤਹਿਤ ਕੀਤੀ ਗਈ ਇਸ ਵਰਕਸ਼ਾਪ ਦਾ ਉਦੇਸ਼ ਭਾਈਚਾਰਿਆਂ ਖਾਸਕਰ ਨੌਜਵਾਨਾਂ ਵਿਚ ਟਿਕਾਊ ਅਭਿਆਸਾਂ, ਵਾਤਾਵਰਣ ਜਾਗਰੂਕਤਾ ਤੇ ਜਿੰਮੇਵਾਰ ਜੀਵਨ ਸ਼ੈਲੀ ਨੂੰ ਉਤਸ਼ਾਹਤ ਕਰਨਾ ਏ। ਡਾ. ਤਾਰਿਕਾ ਵਾਲੀਆ ਨੇ ਸਾਫ਼ ਪਾਣੀ ਦੀ ਖਪਤ ਤੇ ਪਾਣੀ ਤੋਂ ਹੋਣ ਵਾਲੀਆਂ ਬਿਮਾਰੀਆਂ ਬਾਰੇ ਗੱਲਬਾਤ ਕੀਤੀ। ਇਸ ਵਰਕਸ਼ਾਪ ਤਹਿਤ ਮਾਰਗਦਰਸ਼ਨ ਤੇ ਢਾਂਚਾਗਤ ਵਿਚਾਰ-ਵਟਾਂਦਰੇ ਤੇ ਦਿਲਚਸਪੀਆਂ ਰਾਹੀਂ ਵਿਦਿਆਰਥੀਆਂ ਨੇ ਪਾਣੀ ਦੀ ਦੁਰਵਰਤੋਂ ਰੋਕਣ ਤੇ ਸੰਭਾਲ ਤਕਨੀਕਾਂ, ਜਿਸ ਵਿੱਚ ਮੁੜ ਵਰਤੋਂ, ਸੁਚੇਤ ਵਰਤੋਂ ਤੇ ਮੀਂਹ ਦੇ ਪਾਣੀ ਦੀ ਸੰਭਾਲ ਵਰਗੇ ਮਹੱਤਵਪੂਰਨ ਮੁੱਦਿਆਂ ਦੀ ਪੜਚੋਲ ਕੀਤੀ ਗਈ।